Punjab Government Gazette

EXTRAORDINARY

Published by Authority

CHANDIGARH, WEDNESDAY, OCTOBER 15, 2025 (ASVINA 23, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

ਮੁੱਢਲਾ ਨੋਟੀਫਿਕੇਸ਼ਨ

ਮਿਤੀ 15 ਅਕਤੂਬਰ, 2025

ਨੰ.9/6/2025-5ਸਸ3/ 1740.- ਜਿਵੇਂ ਕਿ ਨਗਰ ਪੰਚਾਇਤ ,ਅਮਰਗੜ੍ਹ ਵੱਲੋਂ ਹਾਊਸ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਮਤਾ ਨੰ: 184 ਮਿਤੀ 18.09.2025 ਰਾਹੀਂ ਨਗਰ ਪੰਚਾਇਤ, ਅਮਰਗੜ੍ਹ ਦੀਆਂ ਮੌਜੂਦਾ ਹੱਦਾਂ ਵਿਚ ਹੋਰ ਵਾਧਾ (ਹੱਦ ਬਸਤ ਨੰਬਰ:173,ਅਮਰਗੜ੍ਹ ਬਾਕੀ ਰਹਿੰਦਾ ਰਕਬਾ) ਕਰਨ ਦੇ ਕੀਤੇ ਗਏ ਫੈਸਲੇ ਅਤੇ ਨਗਰ ਪੰਚਾਇਤ, ਅਮਰਗੜ੍ਹ ਦੇ ਖੇਤਰ ਵਿੱਚ ਅਬਾਦੀ ਦੇ ਸੰਘਣਾਪਣ ਪ੍ਰਸਾਸ਼ਨ ਦੁਆਰਾ ਪ੍ਰਾਪਤ ਕੀਤੇ ਜਾਂਦੇ ਰੈਵੀਨਿਊ, ਗੈਰ ਖੇਤੀਬਾੜੀ ਖੇਤਰ ਵਿੱਚ ਰੋਜਗਾਰ ਦੀ ਪ੍ਰਤੀਸ਼ਤਤਾ, ਆਰਥਿਕ ਮਹੱਤਤਾ ਆਦਿ ਫੈਕਟਰਾਂ ਨੂੰ ਵਿਚਾਰਦੇ ਹੋਏ, ਅਮਰਗੜ੍ਹ ਇਲਾਕੇ ਦਾ ਯੋਜਨਾਬੰਧ ਤਰੀਕੇ ਨਾਲ ਵਿਕਾਸ ਯਕੀਨੀ ਬਣਾਉਣ ਲਈ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 4 ਅਤੇ 5 ਅਧੀਨ ਨਗਰ ਪੰਚਾਇਤ, ਅਮਰਗੜ੍ਹ ਦੀਆਂ ਹੱਦਾਂ ਵਿੱਚ ਵਾਧਾ ਕਰਨ ਦੀ ਤਜਵੀਜ ਹੈ। ਜਿਸ ਅਨੁਸਾਰ ਨਵੀਆਂ ਤਜਵੀਜ਼ਤ ਹੱਦਾਂ ਹੇਠ ਦਰਸਾਏ ਸਡਿਊਲ ਆਫ ਬਾਊਂਡਰੀ ਮੁਤਾਬਿਕ ਹਨ।

2. ਜੇਕਰ ਨਗਰ ਪੰਚਾਇਤ, ਅਮਰਗੜ੍ਹ ਦੀਆਂ ਹਦਾਂ ਵਿਚ ਵਾਧਾ ਕਰਨ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਜਾਂ ਸੁਝਾਅ ਲਿਖਤੀ ਰੂਪ ਵਿੱਚ ਮੁੱਢਲਾ ਨੋਟੀਫਿਕੇਸ਼ਨ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ (ਈਮੇਲ:secy.lg@punjab.gov.in).ਪੰਜਾਬ ਮਿਉਂਸਪਲ ਭਵਨ, ਸੈਕਟਰ 35 ਏ, ਚੰਡੀਗੜ੍ਹ ਜਾਂ ਵਧੀਕ ਡਿਪਟੀ ਕਮਿਸ਼ਨਰ(ਜ),ਮਾਲੇਰਕੋਟਲਾ/ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਅਮਰਗੜ੍ਹ ਵਿਖੇ ਦੇ ਸਕਦਾ ਹੈ। ਜੇਕਰ ਇਸ ਸਮੇਂ ਕੋਈ ਇਤਰਾਜ ਜਾਂ ਸੁਝਾਓ ਪ੍ਰਾਪਤ ਨਹੀ ਹੋਇਆ ਤਾਂ ਇਹ ਸਮਝ ਲਿਆ ਜਾਵੇਗਾ ਕਿ ਕਿਸੇ ਨੂੰ ਇਸ ਤੇ ਕੋਈ ਇਤਰਾਜ ਨਹੀ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਸ਼ਡਿਊਲ ਆੱਫ ਬਾਊਂਡਰੀ ਨਗਰ ਪੰਚਾਇਤ ਅਮਰਗੜ੍ਹ:-

ਉੱਤਰ:- ਸ਼ਡਿਊਲ ਆਫ ਬਾਊਂਡਰੀ ਦਾ ਸ਼ੁਰੂਆਤੀ ਬਿੰਦੂ ਏ-1 ਹੈ, ਜੋ ਕਿ ਪਿੰਡ ਲਾਂਗੜੀਆਂ ਝੱਲ ਅਤੇ ਪਿੰਡ ਅਮਰਗੜ੍ਹ, ਪਿੰਡ ਝੱਲ ਦੀ ਸਾਝੀ ਹੱਦ ਤੇ ਲੱਗਦੇ ਖਸਰਾ ਨੰਬਰ 1 ਅਤੇ 2 ਦੇ ਮਿਲਣ ਬਿੰਦੂ ਤੇ ਬਣਦਾ ਹੈ। ਬਿੰਦੂ ਏ-1 ਤੋਂ ਪੂਰਵ ਵੱਲ ਪਿੰਡ ਅਮਰਗੜ੍ਹ, ਪਿੰਡ ਝੱਲ ਅਤੇ ਪਿੰਡ ਲਾਂਗੜੀਆਂ ਦੀ ਸਾਝੀ ਹੱਦ ਤੇ ਲੱਗਦੇ ਖਸਰਾ ਨੰ. 2, 3-ਓ, 3-ਅ, 3, 4, 4-ਓ,4-ਅ, 4-ਏ, 9-ਓ, 9-ਅ, 9, 32, 33, 34, 35, 36, 37, 79, 80 ਨੂੰ ਪਾਰ ਕਰਦੇ ਹੋਏ ਖਸਰਾ ਨੰ. 80 ਅਤੇ 83 ਦਰਮਿਆਨ ਲੱਗਦੇ ਪਿੰਡ ਝੱਲ ਨੂੰ ਜਾਂਦੇ ਰਸਤੇ ਨੂੰ ਪਾਰ ਕਰਕੇ ਖਸਰਾ ਨੰ. 83, 84, 85, 86 ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਏ-2 ਤੱਕ ਜੋ ਕਿ 3 ਪਿੰਡਾਂ ਝੱਲ, ਪਿੰਡ ਝੂੰਦਾਂ, ਪਿੰਡ ਅਮਰਗੜ੍ਹ ਦਾ ਸੇਹਦਾ ਤੇ ਲੱਗਦਾ ਹੈ। ਬਿੰਦੂ ਏ-2 ਤੋਂ ਪੂਰਵ-ਦੱਖਣ ਵੱਲ ਚੱਲਦੇ ਹੋਏ ਪਿੰਡਾਂ ਝੂੰਦਾਂ ਅਤੇ ਪਿੰਡਾਂ ਅਮਰਗੜ੍ਹ ਦੀ ਹੱਦ ਨਾਲ ਲੱਗਦੇ ਖਸਰਾ ਨੰਬਰ 86, 87 ਦੀ ਹੱਦ ਨਾਲ ਚੱਲਦੇ ਹੋਏ ਖਸਰਾ ਨੰ. 87 ਵਿਚੋ ਲੰਘਦੀ ਚੋਂਦਾ ਰੋਡ ਅਤੇ ਖਾਲ ਨੂੰ ਪਾਰ ਕਰਦੇ ਹੋਏ ਖਸਰਾ ਨੰ. 106 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਖਸਰਾ ਨੰ. 106 ਅਤੇ 107 ਤੇ ਲੱਗਦੇ ਰੈਵਨਿਊ ਰਸਤਾ ਨੰ. 109 ਅਤੇ ਖਸਰਾ ਨੰ. 107, 108, ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਰੈਵਨਿਊ ਰਸਤਾ ਨੰ. 109 ਵਿਚੋ ਨਿਕਲਦੇ ਰੈਵਨਿਊ ਰਸਤਾ ਨੰ. 110 ਨੂੰ ਪਾਰ ਕਰਦੇ ਹੋਏ ਰੈਵਨਿਊ ਰਸਤਾ ਨੰ. 109 ਅਤੇ ਖਸਰਾ ਨੰ. 108, 119, 120, 144, 145-ਅ, 145-ਓ, 145 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਖਸਰਾ ਨੰ. 145, 154 ਦੀ ਹੱਦ ਨਾਲ ਲੱਗਦੇ ਰੈਵਨਿਊ ਰਸਤਾ ਨੰ. 155 ਨੂੰ ਪਾਰ ਕਰਕੇ ਖਸਰਾ ਨੰ. 156 ਦੀ ਹੱਦ ਨਾਲ ਚੱਲਦੇ ਹੋਏ ਪਿੰਡ ਝੂੰਦਾਂ ਅਤੇ ਪਿੰਡ ਅਮਰਗੜ੍ਹ ਦੀ ਹੱਦ ਨਾਲ ਲੱਗਦੇ ਰੈਵਨਿਊ ਰਸਤਾ ਨੰ. 1924 ਅਤੇ ਖਸਰਾ ਨੰ. 1914, 1911 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਏ-3 ਤੱਕ, ਜੋ ਕਿ ਪਿੰਡ ਝੂੰਦਾਂ ਨੂੰ ਜਾਂਦੇ ਰੈਵਨਿਊ ਰਸਤਾ ਨੰ. 1924 ਅਤੇ ਪਿੰਡ ਅਮਰਗੜ੍ਹ ਦੀ ਹੱਦ ਤੇ ਲੱਗਦਾ ਹੈ। ਬਿੰਦੂ ਏ-3 ਤੋਂ ਦੱਖਣ-ਪੂਰਵ ਵੱਲ ਪਿੰਡ ਅਮਰਗੜ੍ਹ ਦੀ ਹੱਦ ਤੇ ਲੱਗਦੇ ਖਸਰਾ ਨੰ. 1911, 1910, 1901, 1901-ਓ, 1901-ਅ, 1901-ਏ, 1901-ਸ, 1900-ਏ, 1900-ਅ, 1900, 1900-ਓ, 1890, 1889, 1880, 1879, 1878, 1877, 1875, 1873 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਖਸਰਾ ਨੰ. 1873 ਵਿਚੋ ਨਿਕਲਦੇ ਰੈਵਨਿਊ ਰਸਤਾ ਰਾਏਪੂਰ ਨੰ. 1869 ਨੂੰ ਪਾਰ ਕਰਦੇ ਹੋਏ ਪਿੰਡ ਅਮਰਗੜ੍ਹ ਦੀ ਹੱਦ ਦੇ ਨਾਲ ਲੱਗਦੇ ਰੈਵਨਿਊ ਰਸਤਾ ਨੰ. 1852 ਅਤੇ ਖਸਰਾ ਨੰ. 1853, 1831, 1830, 1829, 1828, ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਖਸਰਾ ਨੰ. 1828 ਅਤੇ 1801 ਦਰਮਿਆਨ ਲੱਗਦੇ ਰੈਵਨਿਊ ਰਸਤੇ ਨੂੰ ਪਾਰ ਕਰਦੇ ਹੋਏ ਪਿੰਡ ਅਮਰਗੜ੍ਹ ਦੀ ਹੱਦ ਦੇ ਨਾਲ ਲੱਗਦੇ ਖਸਰਾ ਨੰ. 1801, 1800, 1799, 1798, 1796, 1794, 1793, 1793-ਓ, 1793-ਅ, 1790, 1790-ਓ, 1789, 1788 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਪਿੰਡ ਸਲੀਮਪੂਰ ਨੂੰ ਜਾਂਦੇ ਰੈਵਨਿਊ ਰਸਤਾ ਨੰ. 1596 ਨੂੰ ਪਾਰ ਕਰਕੇ ਲੱਗਦੇ ਬਿੰਦੂ ਬੀ-1 ਤੱਕ।

ਪੂਰਬ:- ਬਿੰਦੂ ਬੀ-1 ਪੂਰਵ-ਦੱਖਣ ਵੱਲੋਂ ਪਿੰਡ ਅਮਰਗੜ੍ਹ ਦੀ ਹੱਦ ਦੇ ਨਾਲ ਲੱਗਦੇ ਖਸਰਾ ਨੰ. 1594, 1593, 1592, 1592-ਓ, 1592-ਅ, 1590, 1590-ਓ, 1589, 1550,

1550-ਓ, 1550-ਅ, 1549, 1548, 1546, 1545 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਪਿੰਡ ਰਾਮਪੁਰ ਛੰਨਾਂ ਨੂੰ ਜਾਂਦੇ ਰੈਵਨਿਊ ਰਸਤਾ ਨੰ. 1530 ਨੂੰ ਪਾਰ ਕਰਕੇ ਖਸਰਾ ਨੰ. 1420, 1404, 1403, 1402, 1401, 1381, 1380, 1379, 1372, 1371, 1366, 1365, 1360, 1359 ਤੇ ਲੱਗਦੇ ਬਿੰਦੂ ਬੀ-2 ਤੱਕ ਜੋ ਕਿ ਤਿੰਨ ਪਿੰਡਾਂ ਰਾਮਪੁਰ ਛੰਨਾਂ, ਪਿੰਡ ਬਾਗੜੀਆਂ ਅਤੇ ਅਮਰਗੜ੍ਹ ਦੇ ਸੇਹਦਾ ਤੇ ਲੱਗਦਾ ਹੈ। ਬਿੰਦੂ ਬੀ-2 ਤੋਂ ਪੱਛਮ-ਦੱਖਣ ਵੱਲ ਪਿੰਡ ਦੀ ਹੱਦ ਦੇ ਨਾਲ ਲੱਗਦੇ ਖਸਰਾ ਨੰ. 1359, 1358, 1358-ਓ, 1358-ਅ, 1355, 1354, 1353, 1272, 1271, 1270 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਪਿੰਡ ਨਾਭਾ ਨੂੰ ਜਾਂਦੇ ਰੈਵਨਿਊ ਰਸਤਾ ਨੰ. 1266 ਨੂੰ ਪਾਰ ਕਰਦੇ ਹੋਏ ਪਿੰਡ ਦੀ ਹੱਦ ਅਤੇ ਖਸਰਾ ਨੰ. 1265, 1259, 1261, 1254-ਓ, 1254, 1253, 1252, 1251, 1250, 1249-ਓ, 1249, 1249-ਅ, 1248 ਦਰਮਿਆਨ ਸਰਕਾਰੀ ਖਾਲ ਨੰ. 1262 ਲੱਗਦੀ ਹੈ, ਪਿੰਡ ਦੀ ਹੱਦ ਤੇ ਲੱਗਦੇ ਖਸਰਾ ਨੰ. 1235, 1234, 1106, 1105, 1104, 1103 ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਸੀ-1 ਤੱਕ ਜੋ ਕਿ ਤਿੰਨ ਪਿੰਡਾਂ ਸਪੂਰਨਗੜ੍ਹ, ਪਿੰਡ ਬਾਗੜੀਆਂ ਅਤੇ ਅਮਰਗੜ੍ਹ ਦੇ ਸੇਹਦਾ ਤੇ ਲੱਗਦਾ ਹੈ।

ਦੱਖਣ:- ਬਿੰਦੂ ਸੀ-1 ਤੋਂ ਦੱਖਣ-ਪੱਛਮ ਵੱਲ ਪਿੰਡ ਦੀ ਹੱਦ ਅਤੇ ਖਸਰਾ ਨੰਬਰ 1103, 1102-ਅ, 1102-ਓ, 1102, 1093, 1091, 1090 ਦੀ ਹੱਦ ਨਾਲ ਚੱਲਦੇ ਹੋਏ ਰਸਤਾ ਸਪੂਰਨਗੜ੍ਹ ਨੂੰ ਪਾਰ ਕਰਦੇ ਹੋਏ ਪਿੰਡ ਅਤੇ ਖਸਰਾ ਨੰ. 1064, 1063, 1062, 1061 ਦੀ ਹੱਦ ਨਾਲ ਚੱਲਦੇ ਹੋਏ ਪਿੰਡ ਦੀ ਹੱਦ ਅਤੇ ਖਸਰਾ ਨੰ. 1013, 1012, 1005, 995-ਓ, 995, 995-ਅ, 994 ਦਰਮਿਆਨ ਸਰਕਾਰੀ ਖਾਲ ਲੱਗਦੀ ਹੈ। ਪਿੰਡ ਦੀ ਹੱਦ ਅਤੇ ਖਸਰਾ ਨੰ. 994, 919, 918 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਸੀ-2 ਤੱਕ ਜੋ ਕਿ ਤਿੰਨ ਪਿੰਡ ਦਿਆਲਪੂਰਾ, ਪਿੰਡ ਸਪੂਰਨਗੜ੍ਹ ਅਤੇ ਪਿੰਡ ਅਮਰਗੜ੍ਹ ਦੇ ਦੇਹਿਜਾ ਤੇ ਲੱਗਦਾ ਹੈ। ਬਿੰਦੂ ਸੀ-2 ਤੋਂ ਦੱਖਣ-ਪੱਛਮ ਵੱਲ ਚੱਲਦੇ ਹੋਏ ਪਿੰਡ ਦੀ ਹੱਦ ਅਤੇ ਖਸਰਾ ਨੰ. 918, 917, 916, 915, 909, 908, 907, 906 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਪਿੰਡ ਦੀ ਹੱਦ ਅਤੇ ਖਸਰਾ ਨੰ. 906, 894, 891, 889, 887, 886, 885 ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਪਿੰਡ ਦਿਆਲਪੂਰਾ ਨੂੰ ਜਾਂਦੇ ਰੈਵਨਿਊ ਰਸਤੇ ਬਿੰਦੂ ਡੀ-1 ਤੱਕ।

ਪੱਛਮ:- ਬਿੰਦੂ ਡੀ-1 ਤੋਂ ਪਿੰਡ ਦੀ ਹੱਦ ਅਤੇ ਖਸਰਾ ਨੰਬਰ 413-ਓ, 413-ਅ, 412, 401, 399, 398, 374, 373, 372, 337, 336, 335 ਦੀ ਹੱਦ ਦਰਮਿਆਨ ਲੱਗਦੀ ਖਾਲ ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਡੀ-2 ਤੱਕ। ਬਿੰਦੂ ਡੀ-2 ਤੋਂ ਪਿੰਡ ਦੀ ਹੱਦ ਅਤੇ ਖਸਰਾ ਨੰ. 335, 300, 299, 297, 220, 219, 218, 216, 193, 192, 183, 181 ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਡੀ-3 ਤੱਕ। ਜੋ ਕਿ ਮਲੇਰਕੋਟਲਾ ਸੜਕ ਤੇ ਲੱਗਦਾ ਹੈ। ਬਿੰਦੂ ਡੀ-3 ਤੋਂ ਪੱਛਮ-ਉੱਤਰ ਵੱਲ ਚੱਲਦੇ ਹੋਏ ਮਲੇਰਕੋਟਲਾ ਸੜਕ ਨੂੰ ਪਾਰ ਕਰਦੇ ਹੋਏ ਪਿੰਡ ਦੀ ਹੱਦ ਅਤੇ ਖਸਰਾ ਨੰ. 18, 16, 07 ਦਰਮਿਆਨ ਲੱਗਦੇ ਰੈਵਨਿਊ ਰਸਤੇ

ਨੂੰ ਪਾਰ ਕਰਦੇ ਹੋਏ ਪਿੰਡ ਦੀ ਹੱਦ ਅਤੇ ਖਸਰਾ ਨੰ. 06, 01 ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ ਏ-1 ਜੋ ਕਿ ਸ਼ੁਰੂਆਤੀ ਬਿੰਦੂ ਹੈ।

3. ਇਸ ਦਾ ਤਜਵੀਜਤ ਨਕਸ਼ਾ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਅਮਰਗੜ੍ਹ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਵੇਖਿਆ ਜਾ ਸਕਦਾ ਹੈ।

4. ਇਹ ਮੁੱਢਲੀ ਅਧਿਸੂਚਨਾ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਸਹੀ/-

ਤੇਜਵੀਰ ਸਿੰਘ,ਆਈ.ਏ.ਐਸ

ਵਧੀਕ ਮੁੱਖ ਸਕੱਤਰ,ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ

ਮਿਤੀ 15 ਅਕਤੂਬਰ, 2025

3528/10-2025/Pb. Govt. Press, S.A.S. Nagar